BRAMPTON Flower City brampton.ca

media release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਤੇਜ਼, ਵੱਧ ਪ੍ਰਭਾਵੀ ਪਾਰਕਿੰਗ ਐਨਫੋਰਮੈਂਟ ਲਈ ਨਵੀਂ ਤਕਨੀਕ ਪੇਸ਼ ਕਰਦਾ ਹੈ

ਬ੍ਰੈਂਪਟਨ, ਓਨਟੈਰੀਓ (18 ਦਸੰਬਰ, 2019) – ਜਲਦੀ ਹੀ ਤੁਹਾਡੀ ਸੜਕ ਵਿੱਚ ਆ ਰਿਹਾ ਹੈ! ਆਟੋਮੈਟਿਕ ਲਾਇਸੈਂਸ ਪਲੇਟ ਰੀਡਰ (ਏ.ਐਲ.ਪੀ.ਆਰ.) ਨਾਲ ਲੈਸ ਸਿਟੀ ਆਫ ਬ੍ਰੈਂਪਟਨ ਦਾ ਐਨਫੋਰਸਮੈਂਟ ਵਾਹਨ ਜਨਵਰੀ, 2020 ਦੇ ਮੱਧ ਵਿੱਚ ਸਿਟੀ ਵਿੱਚ ਗਸ਼ਤ ਕਰਨਾ ਸ਼ੁਰੂ ਕਰੇਗਾ। ਨਵੀਂ ਤਕਨੀਕ, ਪਾਰਕਿੰਗ ਥਾਂ ਦੀ ਉਪਲਬਧਤਾ ਨੂੰ ਸੁਧਾਰਨ, ਬ੍ਰੈਂਪਟਨ ਦੀਆਂ ਸੜਕਾਂ ਵਿੱਚ ਬਰਫ਼ ਸਾਫ਼ ਕਰਨ ਵਾਲੇ ਅਤੇ ਐਮਰਜੈਂਸੀ ਵਾਹਨਾਂ ਨੂੰ ਸੁਰੱਖਿਅਤ ਰੂਪ ਨਾਲ ਲੰਘਣ ਵਿੱਚ ਮਦਦ ਕਰੇਗੀ ਅਤੇ ਲੰਮੀ ਮਿਆਦ ਤੱਕ ਭੀੜ ਨੂੰ ਘਟਾਉਣ ਤੇ ਕੰਮ ਕਰੇਗੀ।

ਨਵੇਂ ਏ.ਐਲ.ਪੀ.ਆਰ. (ALPR) ਵਾਹਨ ਤੇ ਲੱਗੇ ਕੈਮਰੇ ਵਾਹਨ ਦੇ ਆਉਂਦੇ ਹੀ ਆਮ ਪਾਰਕਿੰਗ ਉਲੰਘਣਾਵਾਂ ਦੀ ਪਛਾਣ ਵਿੱਚ ਮਦਦ ਕਰਨਗੇ। ਇਹ ਅਫ਼ਸਰਾਂ ਨੂੰ ਪੈਨਲਟੀ ਨੋਟਿਸ (Penalty Notice) ਜਾਰੀ ਕਰਨ ਲਈ ਸੂਚਿਤ ਕਰਨਗੇ, ਜਦੋਂ ਉਲੰਘਣਾ ਨਿਰਧਾਰਤ ਹੋ ਜਾਵੇਗੀ। ਵਾਹਨ ਸੜਕਾਂ ਤੇ ਗਸ਼ਤ ਕਰੇਗਾ, ਜਿੱਥੇ ਸਿਟੀ ਨੂੰ ਸਮੇਂ ਦੀਆਂ ਵਧੀਆਂ ਹੋਈਆਂ ਮਿਆਦਾਂ ਤੱਕ ਪਾਰਕ ਕੀਤੇ ਵਾਹਨਾਂ ਦੀਆਂ ਵਾਰ-ਵਾਰ ਸ਼ਿਕਾਇਤਾਂ ਮਿਲਦੀਆਂ ਹਨ।

ਪ੍ਰਾਪਤ ਜਾਣਕਾਰੀ ਅਤੇ ਇਸ ਤਕਨੀਕ ਦੀ ਵਰਤੋਂ ਕਰਦੇ ਹੋਏ ਸ਼ਿਕਾਇਤਾਂ ਦਾ ਅਸਰਦਾਰ ਢੰਗ ਨਾਲ ਅਤੇ ਤੇਜ਼ੀ ਨਾਲ ਜਵਾਬ ਦੇਣ ਦੀ ਸਮਰੱਥਾ ਦੇ ਆਧਾਰ ਤੇ, ਭਵਿੱਖ ਵਿੱਚ ਵਾਧੂ ਏ.ਐਲ.ਪੀ.ਆਰ. ਵਾਹਨਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਇਹ ਨਵੀਂ ਤਕਨੀਕ ਕਿਵੇਂ ਕੰਮ ਕਰਦੀ ਹੈ?**

ਇਸ ਸਿਸਟਮ ਵਿੱਚ ਵਾਹਨ ਨਾਲ ਜੁੜੇ ਕੈਮਰੇ ਸ਼ਾਮਲ ਹਨ ਅਤੇ ਵਾਹਨ ਦੇ ਅੰਦਰ ਦਾ ਡਿਸਪਲੇ ਪਾਰਕਿੰਗ ਐਨਫੋਰਸਮੈਂਟ ਨੈੱਟਵਰਕ ਨਾਲ ਜੁੜਿਆ ਹੋਇਆ ਹੈ। ਵਾਹਨ ਸਿਟੀ ਦੀਆਂ ਸੜਕਾਂ ਤੇ ਗਸ਼ਤ ਕਰੇਗਾ ਅਤੇ ਸੜਕ ਵਿੱਚ ਪਾਰਕ ਕੀਤੇ ਵਾਹਨਾਂ ਦੀ ਲਾਇਸੈਂਸ ਪਲੇਟ ਅਤੇ ਥਾਂ ਨੂੰ ਰਿਕਾਰਡ ਕਰੇਗਾ। ਸਿਸਟਮ ਉਹਨਾਂ ਵਾਹਨਾਂ ਦੇ ਐਨਫੋਰਸਮੈਂਟ ਅਫ਼ਸਰ (Enforcement Officer) ਨੂੰ ਸਾਵਧਾਨ ਕਰੇਗਾ, ਜੋ ਪਾਰਕਿੰਗ ਪਰਮਿਟ ਦੇ ਬਿਨਾਂ ਤਿੰਨ ਤੋਂ ਵੱਧ ਘੰਟਿਆਂ ਤੱਕ ਪਾਰਕ ਕੀਤੇ ਹੋਣ। ਇਹ ਅਫ਼ਸਰ ਵੱਲੋਂ ਵਾਹਨ ਦੀ ਲਾਇਸੈਂਸ ਪਲੇਟ ਦਾਖ਼ਲ ਕਰਨ ਲਈ ਰੋਕਣ ਦੇ ਬਿਨਾਂ ਹੀ ਸਵੇਰੇ 2 ਤੋਂ 6 ਵਜੇ ਤੱਕ ਦੇ ਪਾਬੰਦੀ ਵਾਲੇ ਸਮੇਂ ਦੇ ਦੌਰਾਨ ਪਾਰਕ ਕੀਤੇ ਵਾਹਨਾਂ ਬਾਰੇ ਵੀ ਸਾਵਧਾਨ ਕਰੇਗਾ।

**ਇਸਦੀ ਲੋੜ ਕਿਉਂ ਹੈ?**

ਹਰ ਸਾਲ, ਸਿਟੀ ਤਿੰਨ ਘੰਟਿਆਂ ਤੋਂ ਵੱਧ ਸਮੇਂ ਤੱਕ ਪਾਰਕ ਕੀਤੇ ਵਾਹਨਾਂ ਬਾਰੇ 10,000 ਤੋਂ ਵੱਧ ਜਨਤਕ ਸ਼ਿਕਾਇਤਾਂ ਤੇ ਅਤੇ ਸਵੇਰੇ 2 ਤੋਂ 6 ਵਜੇ ਤੱਕ ਦੇ ਪਾਬੰਦੀ ਵਾਲੇ ਸਮੇਂ ਦੇ ਦੌਰਾਨ ਸੜਕ ਵਿੱਚ ਪਾਰਕ ਕੀਤੇ ਵਾਹਨਾਂ ਦੀਆਂ ਦੂਜੀਆਂ 10,000 ਸ਼ਿਕਾਇਤਾਂ ਤੇ ਪ੍ਰਕਿਰਿਆ ਕਰਦੀ ਹੈ। ਅਜਿਹੀਆਂ ਸ਼ਿਕਾਇਤਾਂ ਤੇ ਪ੍ਰਕਿਰਿਆ ਕਰਨ ਲਈ ਵਸੀਲਿਆਂ ਵਿੱਚ ਵਾਧਾ ਕਰਨਾ ਪੈਂਦਾ ਹੈ ਅਤੇ ਸਮੇਂ ਦੀ ਵਾਧੂ ਖਪਤ ਹੁੰਦੀ ਹੈ। ਨਵੇਂ ਏ.ਐਲ.ਪੀ.ਆਰ. ਵਾਹਨ ਦੇ ਨਾਲ, ਸਿਟੀ ਵੱਧ ਤੇਜ਼ ਦਰ ਤੇ ਵੱਧ ਸਕਿਰਿਆ ਅਤੇ ਪ੍ਰਤੀਕ੍ਰਿਆਤਮਕ ਗਸ਼ਤ ਸ਼ਾਮਲ ਕਰ ਸਕਦੀ ਹੈ।

**ਨਿੱਜਤਾ ਕਿਵੇਂ ਰੱਖੀ ਜਾਵੇਗੀ?**

ਸਿਟੀ ਨਿੱਜਤਾ ਸੁਰੱਖਿਆ ਨੂੰ ਬੇਹੱਦ ਗੰਭੀਰਤਾ ਨਾਲ ਲੈਂਦੀ ਹੈ। ਏ.ਐਲ.ਪੀ.ਆਰ. ਕੈਮਰਿਆਂ ਦੁਆਰਾ ਖਿੱਚੀਆਂ ਗਈਆਂ ਫ਼ੋਟੋਆਂ, ਜਿਹਨਾਂ ਵਿੱਚ ਲਾਇਸੈਂਸ ਪਲੇਟ ਨੰਬਰਾਂ ਦੇ ਚਿੱਤਰ ਸ਼ਾਮਲ ਹੁੰਦੇ ਹਨ, ਤੱਕ ਪਹੁੰਚ ਪੂਰੀ ਤਰ੍ਹਾਂ ਨਿਯੰਤਰਣ ਅਤੇ ਔਡਿਟ ਦੇ ਅਧੀਨ ਹੁੰਦੀ ਹੈ। ਜਿੱਥੇ ਫੋਟੋਆਂ ਦੀ ਵਰਤੋਂ ਪੈਨਲਟੀ ਨੋਟਿਸ ਜਾਰੀ ਕਰਨ ਲਈ ਨਹੀਂ ਕੀਤੀ ਜਾਂਦੀ, ਉਹਨਾਂ ਨੂੰ ਨਹੀਂ ਰੱਖਿਆ ਜਾਂਦਾ (ਇਹ ਫੋਟੋਆਂ 48 ਘੰਟਿਆਂ ਤੋਂ ਆਪਣੇ ਆਪ ਮਿਟਾ ਦਿੱਤੀਆਂ ਜਾਂਦੀਆਂ ਹਨ)। ਜਿੱਥੇ ਫੋਟੋਆਂ ਦੀ ਵਰਤੋਂ ਪੈਨਲਟੀ ਨੋਟਿਸ ਜਾਰੀ ਕਰਨ ਲਈ ਕੀਤੀ ਜਾਂਦੀ ਹੈ, ਉਹਨਾਂ ਨੂੰ ਸਿਟੀ ਦੇ ਰਿਕਾਰਡ ਰਿਟੈਨਸ਼ਨ ਬਾਇ-ਲਾਅ (Record Retention By-Law) ਦੇ ਮੁਤਾਬਕ ਸਾਂਭ ਕੇ ਰੱਖਿਆ ਜਾਂਦਾ ਹੈ (ਇਹ ਫੋਟੋਆਂ ਮਾਮਲਾ ਹੱਲ ਹੋਣ ਦੇ ਬਾਅਦ 6 ਸਾਲਾਂ ਤੱਕ ਰੱਖੀਆਂ ਜਾਂਦੀਆਂ ਹਨ)।

ਜਦੋਂ ਨਿਯਤ ਤਾਰੀਖ ਤੱਕ ਪਾਰਕਿੰਗ ਸਬੰਧੀ ਜੁਰਮਾਨਿਆਂ ਦਾ ਭੁਗਤਾਨ ਨਹੀਂ ਹੁੰਦਾ, ਸਿਟੀ ਲਾਇਸੈਂਸ ਪਲੇਟਾਂ ਦੇ ਮਾਲਕੀ ਵੇਰਵੇ ਪ੍ਰਾਪਤ ਕਰਨ ਲਈ ਸਰਵਿਸ ਓਨਟੈਰੀਓ (Service Ontario) ਨੂੰ ਸੰਪਰਕ ਕਰੇਗੀ। ਸਿਟੀ ਲਾਇਸੈਂਸ ਪਲੇਟ ਨੰਬਰ ਨਾਲ ਜੁੜੇ ਭੁਗਤਾਨ ਨਾ ਕੀਤੇ ਜੁਰਮਾਨਿਆਂ ਬਾਰੇ ਓਨਟੈਰੀਓ ਮਿਨਿਸਟਰੀ ਆਫ ਟ੍ਰਾਂਸਪੋਰਟੇਸ਼ਨ (Ontario Ministry of Transportation) ਨੂੰ ਵੀ ਸੂਚਿਤ ਕਰੇਗੀ।

**ਲੋਕਾਂ ਕੋਲ ਕਿਹੜੇ ਪਾਰਕਿੰਗ ਵਿਕਲਪ ਹਨ?**

- ਮਿਊਨਿਸਿਪਲ ਗਰਾਜਾਂ ਵਿੱਚ, ਜਾਂ ਜਿੱਥੇ ਪਾਰਕਿੰਗ ਮੀਟਰ ਲੱਗੇ ਹੋਏ ਹਨ, ਡੈਸ਼ਬੋਰਡ ਤੇ ਵੈਧ ਪਾਰਕਿੰਗ ਟਿਕਟ ਜ਼ਰੂਰ ਦਿਖਾਓ ਅਤੇ ਪਾਰਕਿੰਗ ਟਿਕਟ ਦੀ ਮਿਆਦ ਪੁੱਗਣ ਤੋਂ ਪਹਿਲਾਂ ਹੀ ਆਪਣੀ ਕਾਰ ਹਟਾ ਲਵੋ।
- ਰਿਹਾਇਸ਼ੀ ਖੇਤਰਾਂ ਵਿੱਚ, ਜੇਕਰ ਤੁਸੀਂ ਆਪਣਾ ਵਾਹਨ ਸੜਕ ਵਿੱਚ ਪਾਰਕ ਕਰਦੇ ਹੋ, ਤਾਂ ਪੈਨਲਟੀ ਨੋਟਿਸ ਮਿਲਣ ਤੋਂ ਬਚਣ ਲਈ ਤਿੰਨ ਘੰਟਿਆਂ ਦੇ ਅੰਦਰ ਕਾਰ ਹਟਾ ਲਵੋ। ਵਿਕਲਪਿਕ ਤੌਰ ਤੇ, ਕਾਰ ਨੂੰ ਤਿੰਨ ਘੰਟਿਆਂ ਬਾਅਦ ਦੂਜੀ ਥਾਂ ਤੇ ਲੈ ਜਾਓ। ਭਾਈਚਾਰੇ ਵਿੱਚ ਹੋਰ ਲੋਕਾਂ ਨੂੰ ਵੀ ਸੜਕ ਵਿੱਚ ਪਾਰਕਿੰਗ ਦੀ ਲੋੜ ਹੁੰਦੀ ਹੈ, ਇਸਲਈ ਆਪਣੇ ਗਵਾਂਢੀਆਂ ਬਾਰੇ ਸੋਚੋ।
- ਜੇਕਰ ਤੁਹਾਨੂੰ ਜਾਂ ਤੁਹਾਡੇ ਮਹਿਮਾਨਾਂ ਨੂੰ ਤਿੰਨ ਘੰਟਿਆਂ ਤੋਂ ਵੱਧ ਸਮੇਂ ਤੱਕ ਜਾਂ ਸਵੇਰੇ 2 ਤੋਂ 6 ਵਜੇ ਤੱਕ ਵਾਹਨ ਪਾਰਕ ਕਰਨ ਦੀ ਲੋੜ ਹੈ, ਤਾਂ ਤੁਸੀਂ ਸਿਟੀ ਕੋਲ ਮੁਫ਼ਤ ਪਾਰਕਿੰਗ ਵਿਚਾਰ (free parking consideration) ਲਈ ਅਰਜ਼ੀ ਦੇ ਸਕਦੇ ਹੋ। ਇਹ ਹਰ ਲਾਇਸੈਂਸ ਪਲੇਟ ਲਈ ਸਾਲ ਵਿੱਚ ਵੱਧ ਤੋਂ ਵੱਧ 14 ਦਿਨਾਂ ਲਈ ਪੇਸ਼ ਕੀਤੀ ਜਾਂਦੀ ਹੈ। ਜੇਕਰ ਛੁੱਟੀਆਂ ਵਿੱਚ ਤੁਹਾਡੇ ਘਰ ਮਹਿਮਾਨ ਆਉਣ ਵਾਲੇ ਹਨ ਜਾਂ ਤੁਹਾਡੇ ਘਰ ਰਾਤ ਭਰ ਰੁਕਣ ਵਾਲੇ ਮਹਿਮਾਨ ਆਉਂਦੇ ਹਨ, ਤਾਂ ਪਾਰਕਿੰਗ ਵਿਚਾਰ ਲਈ ਅਰਜ਼ੀ ਦਿਓ।
- ਜੇਕਰ ਤੁਹਾਡੀ ਨਿੱਜੀ ਪ੍ਰਾਪਰਟੀ ਤੇ ਬੁਲੇਵਾਰਡ ਹੈ, ਤਾਂ ਤੁਹਾਡੀ ਕਾਰ ਪਗਡੰਡੀ ਅਤੇ ਸੜਕ ਦੇ ਵਿਚਕਾਰ ਫਰਸ਼ਬੰਦੀ ਵਾਲੇ ਖੇਤਰ ਤੇ ਸਮਤਲ ਤੌਰ ਤੇ ਪਾਰਕ ਕੀਤੀ ਜਾ ਸਕਦੀ ਹੈ।

**ਕੀ ਇਹ ਅਦਾਲਤਾਂ ਤੇ ਹੋਰ ਦਬਾਅ ਨਹੀਂ ਹੋਵੇਗਾ?**

ਪਾਰਕਿੰਗ ਜੁਰਮਾਨੇ ਸਬੰਧੀ ਵਿਵਾਦ ਸੂਬਾਈ ਅਦਾਲਤਾਂ ਵੱਲੋਂ ਪ੍ਰਬੰਧਿਤ ਨਹੀਂ ਹਨ, ਇਹ ਏ.ਐਮ.ਪੀ.ਐਸ. ਪ੍ਰੋਗਰਾਮ (AMPS Program) ਦੇ ਹਿੱਸੇ ਦੇ ਤੌਰ ਤੇ ਸਿਟੀ ਵੱਲੋਂ ਸੰਭਾਲੇ ਜਾਂਦੇ ਹਨ।

ਅਕਸਰ ਪੁੱਛੇ ਜਾਣ ਵਾਲੇ ਸਾਰੇ ਸਵਾਲਾਂ ਅਤੇ ਏ.ਐਲ.ਪੀ.ਆਰ. ਬਾਰੇ ਹੋਰ ਜਾਣਕਾਰੀ ਲਈ, www.brampton.ca ਤੇ ਜਾਓ।

**ਹਵਾਲਾ**

"ਅਵੈਧ ਪਾਰਕਿੰਗ ਦੂਜਿਆਂ ਵਾਸਤੇ ਉਪਲਬਧ ਪਾਰਕਿੰਗ ਨੂੰ ਘਟਾਉਂਦੀ ਹੈ। ਇਹ ਉਦੋਂ ਸੁਰੱਖਿਆ ਸਬੰਧੀ ਜੋਖਿਮ ਵੀ ਪੈਦਾ ਕਰ ਸਕਦੀ ਹੈ, ਜਦੋਂ ਐਮਰਜੈਂਸੀ ਵਾਲੇ ਅਤੇ ਬਰਫ਼ ਹਟਾਉਣ ਵਾਲੇ ਵਾਹਨ ਸੜਕਾਂ ਵਿੱਚੋਂ ਅਸਾਨੀ ਨਾਲ ਨਹੀਂ ਲੰਘ ਸਕਦੇ। ਨਵਾਂ ਏ.ਐਲ.ਪੀ.ਆਰ. ਵਾਹਨ, ਅਵੈਧ ਪਾਰਕਿੰਗ ਤੇ ਧਿਆਨ ਦਿੰਦੇ ਹੋਏ ਅਤੇ ਵੱਧ ਸੁਰੱਖਿਅਤ ਸੜਕਾਂ ਵਾਸਤੇ ਰਸਤਾ ਬਣਾਉਂਦੇ ਹੋਏ, ਚੰਗੀ-ਤਰ੍ਹਾਂ ਸੰਚਾਲਿਤ ਸ਼ਹਿਰ ਹੋਣ ਦੀ ਸਾਡੀ ਤਰਜੀਹ ਨੂੰ ਸਹਿਯੋਗ ਦਿੰਦਾ ਹੈ। ਸਿਟੀ ਇਸ ਨਵੀਂ ਪਹਿਲਕਦਮੀ ਦੀ ਪ੍ਰਭਾਵਿਕਤਾ ਤੋਂ ਜਾਣਕਾਰੀ ਪ੍ਰਾਪਤ ਕਰਨ ਅਤੇ ਭਵਿੱਖ ਵਿੱਚ ਸਮਾਯੋਜਨ ਕਰਨ ਲਈ ਤਿਆਰ ਰਹੇਗੀ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ

ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca